## ਹੋਲਟਰ ਮੌਨੀਟਰ ਲਈ ਨਿਯਤ ਥਾਂਵਾਂ

- **ਐਬਟਸਫੋਰਡ:**
  - ☐ #103 – 2151 McCallum Road
    ਟੈਲੀਫੋਨ: 604-853-6371
- **ਬਰਨਬੀ:**
  - ☐ #201 – 4980 Kingsway (ਨੈਲਸਨ ਅਤੇ ਬੈਨਟ 'ਤੇ)
    ਟੈਲੀਫੋਨ: 604-433-6511
- **ਚਿਲਾਵੈਕ:**
  - ☐ #201 – 9200 Mary Street
    Telephone: 604-792-4607
- **ਕੁਕਿਟਲਮ:**
  - ☐ #106 – 1015 Austin Avenue
    ਟੈਲੀਫੋਨ: 604-937-3913
- **ਡੈਲਟਾ:**
  - ☐ #201 – 8425 – 120th Street
    ਟੈਲੀਫੋਨ: 604-591-3304
- **ਲੈਂਗਲੀ:**
  - ☐ #209 – 5503 – 206th Street (ਡਗਲਸ ਕਰੈਜ਼ੈਂਟ)
    ਟੈਲੀਫੋਨ: 604-534-8671
- **ਮੇਪਲ ਰਿਜ:**
  - ☐ #101 – 11743 – 224th Street
    ਟੈਲੀਫੋਨ: 604-467-5141
- **ਮਿਸ਼ਨ:**
  - ☐ #103 – 7343 Hurd Street
    ਟੈਲੀਫੋਨ: 604-826-7197
- **ਨਿਊ ਵੈੱਸਟਮਿਨਸਟਰ:**
  - ☐ #508 – 625 – 5th Avenue
    ਟੈਲੀਫੋਨ: 604-526-2831
- **ਪੋਰਟ ਕੁਕਿਟਲਮ:**
  - ☐ #7 – 2185 Wilson Avenue
    ਟੈਲੀਫੋਨ: 604-944-7754
- **ਸਰੀ:**
  - ☐ #101 – 9656 King George Hwy.
    ਟੈਲੀਫੋਨ: 604-588-3494
  - ☐ #202 – 16088 – 84th Avenue
    ਟੈਲੀਫੋਨ: 604-572-4359
- **ਵੈਨਕੂਵਰ:**
  - ☐ #201 – 1750 E. 10th Avenue
    ਟੈਲੀਫੋਨ: 604-873-2651
  - ☐ #33 – 5740 Cambie Street (41 'ਤੇ, ਹੇਠਲੀ ਮੰਜ਼ਲ)
    ਟੈਲੀਫੋਨ: 604-327-2033
- **ਵਾਈਟ ਰੌਕ:**
  - ☐ #120 – 15321 – 16th Avenue
    ਟੈਲੀਫੋਨ: 604-531-0737

ਹੋਲਟਰ ਮੌਨੀਟਰ, 1 ਅਗਸਤ, 1997 ਤੋਂ ਪ੍ਰੋਟੋਕੋਲ ਸਟੀਅਰਿੰਗ ਕਮੇਟੀ, ਐੱਮ ਐੱਸ ਪੀ ਅਤੇ ਬੀ ਸੀ ਐੱਮ ਏ ਦੀਆਂ ਸੇਧਾਂ ਮੁਤਾਬਕ ਆਰਡਰ ਕੀਤਾ ਜਾਣਾ ਜ਼ਰੂਰੀ ਹੈ।

**ਨੋਟ: ਮਰੀਜ਼, ਡਾਇਰੀ ਨਿਸ਼ਾਨੀਆਂ ਰਿਕਾਰਡ ਕਰਨ ਦੇ ਯੋਗ ਹੋਣੇ ਚਾਹੀਦੇ ਹਨ ਜਾਂ ਉਨ੍ਹਾਂ ਲਈ ਨਿਸ਼ਾਨੀਆਂ ਰਿਕਾਰਡ ਕੀਤੀਆਂ ਜਾਣੀਆਂ ਜ਼ਰੂਰੀ ਹਨ।**

**ਨਾਂ:** ______________________________

**ਡੀ ਓ ਬੀ:** ______________________________

**ਪੀ ਐੱਚ ਐੱਨ:** ______________________________

**ਭੇਜਣ ਵਾਲਾ ਡਾਕਟਰ:** ______________________________

**ਪੜ੍ਹਨ ਵਾਲਾ ਡਾਕਟਰ:** ______________________________

**ਪਛਾਣ:** ______________________________

## ਹੋਲਟਰ ਟੈੱਸਟਿੰਗ ਲਈ ਲੱਛਣ

ਰੋਗ ਦਾ ਦਿਲ ਨਾਲ ਸੰਬੰਧਿਤ ਹੋਣਾ ਜ਼ਰੂਰੀ ਹੈ ਪਰ ਛਾਤੀ ਵਿਚ ਦਰਦ, ਸੀ ਏ ਡੀ, ਇਸਚੇਮੀਆ, ਇਸਚੇਮਿਕ ਦਿਲ ਦੀ ਬੀਮਾਰੀ ਇਸ ਵਿਚ ਨਹੀਂ ਆਉਂਦੇ। ਇਹ ਰੋਗ ਮੂਲ ਲਿਖਤ (ਪ੍ਰੋਟੋਕੋਲ) ਦੀ ਕਸੌਟੀ ਪੂਰੀ **ਨਹੀਂ** ਕਰਦੇ।


BC Biomedical Laboratories Ltd.
7455 – 130th Street
Surrey, BC V3W 1H8

*ਮਾਲਕ ਅਤੇ ਚਲਾਉਣ ਵਾਲੇ ਡਾਕਟਰ ਸੀ. ਜੇ. ਕੋਡੀ ਐਸੋਸੀਏਟਸ*

ਟੈਲੀਫੋਨ: 604-507-5000
ਟੋਲ ਫਰੀ: 1-800-565-1441

ਵੈੱਬਸਾਈਟ: www.bcbio.com


50 BEST EMPLOYERS IN CANADA


Brochure Holter Information Punjabi **BRC006**


BCBiomedical
LABORATORIES LTD.

# ਹੋਲਟਰ ਮੌਨੀਟਰ

## ਮਰੀਜ਼ਾਂ ਲਈ ਜਾਣਕਾਰੀ ਅਤੇ ਹਿਦਾਇਤਾਂ

**ਨਾਂ:** ______________________________

**ਤਰੀਕ:** ______________________________

**ਸਮਾਂ:** ______________________________


*ਮਾਲਕ ਅਤੇ ਚਲਾਉਣ ਵਾਲੇ ਡਾਕਟਰ ਸੀ. ਜੇ. ਕੋਡੀ ਐਸੋਸੀਏਟਸ*

## ਹੋਲਟਰ ਮੌਨੀਟਰ ਕੀ ਹੈ?

ਹੋਲਟਰ ਮੌਨੀਟਰ, ਇਕ ਸਮੇਂ 24 ਘੰਟਿਆਂ ਦੇ ਸਮੇਂ ਲਈ ਤੁਹਾਡੇ ਦਿਲ ਦੇ ਕਾਰਜ ਦੀ ਲਗਾਤਾਰ ਰਿਕਾਰਡਿੰਗ ਹੈ।

ਹੋਲਟਰ ਮੌਨੀਟਰ ਦੀ ਵਰਤੋਂ ਦਿਲ ਨਾਲ ਸੰਬੰਧਿਤ ਸੰਭਵ ਸਮੱਸਿਆਵਾਂ ਦਾ ਪਤਾ ਲਾਉਣ ਲਈ ਕੀਤੀ ਜਾਂਦੀ ਹੈ ਜਿਸ ਵਿਚ ਇਸ ਤਰ੍ਹਾਂ ਦੀਆਂ ਨਿਸ਼ਾਨੀਆਂ ਸ਼ਾਮਲ ਹਨ:

- ਦਿਲ ਦੀ ਬੇਨੇਮੀ ਧੜਕਣ
- ਚੱਕਰ ਆਉਣੇ
- ਗਸ਼ ਪੈਣੀ

ਇਸ ਨਾਲ ਇਸ ਤਰ੍ਹਾਂ ਦੀਆਂ ਚੀਜ਼ਾਂ ਉੱਪਰ ਨਿਗਰਾਨੀ ਰੱਖਣ ਵਿਚ ਵੀ ਮਦਦ ਮਿਲਦੀ ਹੈ:

- ਦਿਲ ਦੀਆਂ ਦਵਾਈਆਂ ਦੇ ਅਸਰ
- ਪੇਸਮੇਕਰ ਦਾ ਕੰਮ

## ਹੋਲਟਰ ਮੌਨੀਟਰ ਕਿਵੇਂ ਕੰਮ ਕਰਦਾ ਹੈ?

ਚਮੜੀ 'ਤੇ ਲਗਾਏ ਜਾਣ ਵਾਲੇ, ਇਕ ਵਾਰੀ ਵਰਤ ਕੇ ਸੁੱਟਣਯੋਗ ਸੈਂਸਰ ਤੁਹਾਡੀ ਛਾਤੀ ਉੱਪਰ ਲਗਾਏ ਜਾਂਦੇ ਹਨ। **(ਕਿਰਪਾ ਕਰਕੇ ਨੋਟ ਕਰੋ: ਜਿੱਥੇ ਸੈਂਸਰ ਲਗਾਏ ਜਾਂਦੇ ਹਨ, ਉਸ ਥਾਂ ਚਮੜੀ 'ਤੇ ਖਾਜ ਹੋ ਸਕਦੀ ਹੈ, ਅਤੇ ਕਦੇ ਕਦੇ, ਚਮੜੀ 'ਤੇ ਦਾਗ ਪੈ ਸਕਦੇ ਹਨ।)**

ਇਕ ਤਾਰ ਚਮੜੀ 'ਤੇ ਲਗਾਏ ਜਾਣ ਵਾਲੇ ਸੈਂਸਰਾਂ ਨੂੰ ਛੋਟੇ ਮੌਨੀਟਰ ਨਾਲ ਜੋੜੇਗੀ।

ਮੌਨੀਟਰ ਇੰਨਾ ਕੁ ਛੋਟਾ ਹੈ ਕਿ ਇਹ ਤੁਹਾਨੂੰ ਆਪਣੇ ਆਮ ਕੰਮ ਕਾਰ ਕਰਨਾ ਜਾਰੀ ਰੱਖਣ ਦਿੰਦਾ ਹੈ।

ਮੌਨੀਟਰ ਤੁਹਾਡੇ ਦਿਲ ਦੇ ਕਾਰਜ ਨੂੰ 24 ਘੰਟੇ ਬਾਅਦ ਲਾਹੇ ਜਾਣ ਤੱਕ ਲਗਾਤਾਰ ਰਿਕਾਰਡ ਕਰੇਗਾ।

ਮੌਨੀਟਰ ਲਾਉਣ ਲਈ ਅਪੌਇੰਟਮੈਂਟ ਨੂੰ ਤਕਰੀਬਨ ਇਕ ਤੋਂ ਡੇਢ ਘੰਟਾ ਲੱਗੇਗਾ। ਮੌਨੀਟਰ ਲਾਹੁਣ ਦੀ ਅਪੌਇੰਟਮੈਂਟ ਨੂੰ ਤਕਰੀਬਨ ਅੱਧਾ ਘੰਟਾ ਲੱਗਦਾ ਹੈ।

### ਕੈਂਸਲ ਕਰਨ ਬਾਰੇ ਸੂਚਨਾ

ਜੇ ਤੁਸੀਂ ਆਪਣੀ ਅਪੌਇੰਟਮੈਂਟ 'ਤੇ ਨਾ ਆ ਸਕਦੇ ਹੋਵੋ ਤਾਂ ਕਿਰਪਾ ਕਰਕੇ ਜਿੰਨਾ ਵੀ ਛੇਤੀ ਹੋ ਸਕੇ ਪੇਸ਼ੈਂਟ ਸਰਵਿਸ ਸੈਂਟਰ ਨੂੰ ਦੱਸੋ।

### ਲੇਟ ਹੋਣ ਬਾਰੇ ਸੂਚਨਾ

ਜੇ ਤੁਸੀਂ ਆਪਣੀ ਅਪੌਇੰਟਮੈਂਟ ਲਈ ਲੇਟ ਹੋ ਜਾਵੋ ਤਾਂ ਇਸ ਦਾ ਨਤੀਜਾ ਤੁਹਾਡੀ ਅਪੌਇੰਟਮੈਂਟ, ਬਾਅਦ ਦੇ ਕਿਸੇ ਸਮੇਂ ਜਾਂ ਤਰੀਕ ਨੂੰ ਦੁਬਾਰਾ ਬਣਾਉਣ ਵਿਚ ਨਿਕਲ ਸਕਦਾ ਹੈ।

## ਮਰੀਜ਼ ਲਈ ਹਿਦਾਇਤਾਂ

- ਆਪਣੀ ਅਪੌਇੰਟਮੈਂਟ ਤੋਂ ਪਹਿਲਾਂ ਸ਼ਾਵਰ ਲਵੋ ਜਾਂ ਨਹਾਉ।
- ਕੋਈ ਵੀ ਪਾਉਡਰ, ਲੋਸ਼ਨ ਜਾਂ ਅਤਰ-ਫਲੇਲ ਨਾ ਵਰਤੋ।
- ਅਰਾਮਦੇਹ ਦੋ ਕੱਪੜੇ ਪਹਿਨੋ, ਜੋ ਮੂਹਰੇ ਤੋਂ ਖੁੱਲ੍ਹਦੇ ਹੋਣ।
- ਡਾਕਟਰ ਦੀ ਪਰਚੀ ਨਾਲ ਲਈਆਂ ਸਾਰੀਆਂ ਮੌਜੂਦਾ ਦਵਾਈਆਂ ਅਤੇ ਹਰਬਲ ਇਲਾਜਾਂ ਦੀ ਲਿਸਟ ਲਿਆਉ।
- ਪੇਸਮੇਕਰ ਵਾਲੇ ਮਰੀਜ਼ ਕਿਰਪਾ ਕਰਕੇ ਆਪਣੇ ਨਾਲ ਪੇਸਮੇਕਰ ਕਾਰਡ ਲੈ ਕੇ ਆਉਣ ਜਿਸ ਉੱਪਰ ਮੌਜੂਦਾ ਸੈਟਿੰਗ ਲਿਖੀ ਹੁੰਦੀ ਹੈ।

**ਔਰਤਾਂ:**

- ਫੁੱਲ ਸਲਿੱਪਸ ਨਾ ਪਹਿਨੋ।
- ਅਰਾਮਦੇਹ ਬਰਾ ਪਾਉ ਕਿਉਂਕਿ ਤੁਹਾਨੂੰ ਇਹ 24 ਘੰਟੇ ਦੇ ਸਮੇਂ ਲਈ ਪਾਉਣ ਦੀ ਲੋੜ ਪਵੇਗੀ।

**ਮਰਦ:**

- ਇਸ ਗੱਲ ਤੋਂ ਜਾਣੂ ਰਹੋ ਕਿ ਛਾਤੀ ਦੀਆਂ ਸੈਂਸਰ ਲਾਉਣ ਵਾਲੀਆਂ ਥਾਂਵਾਂ 'ਤੇ ਜੇ ਕੋਈ ਵਾਲ ਹੋਣ ਤਾਂ ਉਨ੍ਹਾਂ ਨੂੰ ਲਾਹੁਣ ਲਈ ਸ਼ੇਵਿੰਗ ਕਰਨ ਦੀ ਲੋੜ ਪਵੇਗੀ।